Alberta

**ਨੀਊਜ਼ ਰੀਲੀਜ਼**

# ਨਰਸਿੰਗ ਮੁਲਾਂਕਣ ਨੂੰ ਸੁਚਾਰੂ ਬਣਾਉਣਾ

ਫਰਵਰੀ 15, 2023

---

ਅਲਬਰਟਾ ਦੀ ਸਰਕਾਰ ਅਲਬਰਟਾ ਵਿਚ ਪਹੁੰਚਣ ਵਾਲੀਆਂ ਅੰਤਰਰਾਸ਼ਟਰੀ ਪਧਰ ਦੀਆਂ ਸਿਖਿਅਤ ਨਰਸਾਂ ਲਈ ਇਕ ਵਧੇਰੇ ਕੁਸ਼ਲ ਮੁਲਾਂਕਣ ਪ੍ਰਣਾਲੀ ਬਣਾਉਣ ਲਈ ਇਕ ਨਵਾਂ ਪਾਇਲਟ ਪ੍ਰੋਜੈਕਟ ਸ਼ੁਰੂ ਕਰ ਰਹੀ ਹੈ।

ਅਲਬਰਟਾ ਕੋਲ ਵਿਸ਼ਵ ਵਿਚ ਸਭ ਤੋਂ ਵਧੀਆ ਫਰੰਟ-ਲਾਈਨ ਹੈਲਥ-ਕੇਅਰ ਵਰਕਰ ਹਨ, ਅਤੇ ਸਰਕਾਰ ਇਹ ਯਕੀਨੀ ਬਣਾਉਣ ਲਈ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਨੂੰ ਲੋੜੀਂਦੀ ਦੇਖਭਾਲ, ਕਦੋਂ ਅਤੇ ਕਿਥੇ ਇਸਦੀ ਲੋੜ ਹੈ ਲਈ ਸਹੀ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕਰੇਗੀ । ਅੰਤਰਰਾਸ਼ਟਰੀ ਸਿਖਿਅਤ ਨਰਸਾਂ ਲਈ ਅਲਬਰਟਾ ਦੇ ਕਰਮਚਾਰੀਆਂ ਵਿਚ ਸ਼ਾਮਲ ਹੋਣ ਲਈ ਪ੍ਰਕਿਰਿਆਵਾਂ ਵਿਚ ਸੁਧਾਰ ਕਰਕੇ, ਸਰਕਾਰ ਇਹ ਯਕੀਨੀ ਬਣਾਉਣ ਵਿਚ ਮਦਦ ਕਰ ਸਕਦੀ ਹੈ ਕਿ ਸੂਬੇ ਦੀ ਸਿਹਤ-ਸੰਭਾਲ ਪ੍ਰਣਾਲੀ ਹੁਣ ਅਤੇ ਭਵਿਖ ਵਿਚ ਮਜ਼ਬੂਤ ਰਹੇ।

"ਇਸ ਪਾਇਲਟ ਦੁਆਰਾ, ਅਸੀਂ ਨਰਸਿੰਗ ਮੁਲਾਂਕਣ ਨੂੰ ਸੁਚਾਰੂ ਬਣਾ ਰਹੇ ਹਾਂ ਤਾਂ ਜੋ ਅੰਤਰਰਾਸ਼ਟਰੀ ਪਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਅਲਬਰਟਾ ਦੇ ਨੌਕਰੀ ਦੀ ਮਾਰਕੀਟ ਅਤੇ ਸਿਹਤ-ਸੰਭਾਲ ਪ੍ਰਣਾਲੀ ਵਿਚ ਅਗੇ ਵਧਣ ਦਾ ਆਪਣਾ ਸਭ ਤੋਂ ਵਧੀਆ ਮਾਰਗ ਨਿਰਧਾਰਤ ਕਰਨ ਦੇ ਯੋਗ ਹੋਣ।"
*ਕੇਸੀ ਮਾਡੂ, ਹੁਨਰਮੰਦ ਵਪਾਰ ਅਤੇ ਪੇਸ਼ੇ ਮੰਤਰੀ*

"ਅਸੀਂ ਅੰਤਰਰਾਸ਼ਟਰੀ ਪਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਲਈ ਰੁਕਾਵਟਾਂ ਨੂੰ ਦੂਰ ਕਰਨ ਲਈ ਵਚਨਬਧ ਹਾਂ ਜੋ ਅਲਬਰਟਾ ਵਿਚ ਕੰਮ ਕਰਨਾ ਅਤੇ ਰਹਿਣਾ ਚਾਹੁੰਦੀਆਂ ਹਨ। ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਨਾਲ, ਨਰਸਾਂ ਜਲਦੀ ਅਭਿਆਸ ਕਰਨਾ ਸ਼ੁਰੂ ਕਰ ਸਕਦੀਆਂ ਹਨ ਅਤੇ ਅਸੀਂ ਸਿਹਤ-ਸੰਭਾਲ ਕਰਮਚਾਰੀਆਂ ਨੂੰ ਮਜ਼ਬੂਤ ਕਰਨਾ ਜਾਰੀ ਰਖ ਸਕਦੇ ਹਾਂ ਜੋ ਅਲਬਰਟਾ ਵਾਸੀਆਂ ਨੂੰ ਜਦੋਂ ਅਤੇ ਕਿਥੇ ਲੋੜ ਹੁੰਦੀ ਹੈ, ਸਹਾਇਤਾ ਪ੍ਰਦਾਨ ਕਰਦੀ ਹੈ।"
*ਜੇਸਨ ਕੋਪਿੰਗ, ਸਿਹਤ ਮੰਤਰੀ*

$200,000 ਦੀ ਗ੍ਰਾਂਟ ਦੇ ਨਾਲ, "ਟ੍ਰਿਪਲ-ਟਰੈਕ" ਮੁਲਾਂਕਣ ਪਾਇਲਟ ਪ੍ਰੋਜੈਕਟ ਅੰਤਰਰਾਸ਼ਟਰੀ ਪਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਲਈ ਅਲਬਰਟਾ ਮੁਲਾਂਕਣ ਸਹੂਲਤ ਸਥਾਪਤ ਕਰੇਗਾ ਅਤੇ ਉਹਨਾਂ ਨੂੰ ਆਪਣੇ ਹੁਨਰ ਦਾ ਮੁਲਾਂਕਣ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੀ ਯਾਤਰਾ ਕਰਨ ਦੀ ਬਜਾਏ, ਅਲਬਰਟਾ ਦੇ ਰਜਿਸਟਰਡ ਨਰਸਾਂ ਦੇ ਕਾਲਜ ਨਾਲ ਅਰਜ਼ੀ ਦੇਣ ਦੀ ਇਜਾਜ਼ਤ ਦੇਵੇਗਾ।

ਇਹ ਪ੍ਰੋਗਰਾਮ ਅੰਤਰਰਾਸ਼ਟਰੀ ਪਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਦੇ ਹੁਨਰਾਂ ਅਤੇ ਯੋਗਤਾਵਾਂ ਦਾ ਮੁਲਾਂਕਣ ਕਰੇਗਾ ਅਤੇ ਉਹਨਾਂ ਨੂੰ ਅਲਬਰਟਾ ਦੀਆਂ ਤਿੰਨ ਕਿਤਾਮੁਖੀ ਨਰਸਿੰਗ ਸ਼੍ਰੇਣੀਆਂ ਵਿਚੋਂ ਇਕ ਨਾਲ ਮੇਲ ਕਰੇਗਾ: ਰਜਿਸਟਰਡ

ਨਰਸ, ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਅਤੇ ਸਿਹਤ-ਸੰਭਾਲ ਸਹਾਇਕ। ਇਹ ਪ੍ਰਮਾਣ ਪਤਰ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਅਲਬਰਟਾ ਦੇ ਕਰਮਚਾਰੀਆਂ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰ ਰਹੀਆਂ ਅੰਤਰਰਾਸ਼ਟਰੀ ਪਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਲਈ ਉਡੀਕ ਸਮੇਂ ਨੂੰ ਘਟਾਉਣ ਵਿਚ ਮਦਦ ਕਰੇਗਾ।

"ਦ ਕਾਲਜ ਆਫ਼ ਰਜਿਸਟਰਡ ਨਰਸਾਂ ਆਫ਼ ਅਲਬਰਟਾ ਇਸ ਪ੍ਰਾਂਤ ਵਿਚ ਆਉਣ ਵਾਲੀਆਂ ਅੰਤਰਰਾਸ਼ਟਰੀ ਪਧਰ ਦੀਆਂ ਸਿਖਿਅਤ ਨਰਸਾਂ ਲਈ ਮੌਜੂਦਾ ਮਾਰਗਾਂ ਨੂੰ ਸੁਚਾਰੂ, ਆਧੁਨਿਕ ਅਤੇ ਬਿਹਤਰ ਬਣਾਉਣ ਲਈ ਅਲਬਰਟਾ ਦੀ ਸਿਹਤ-ਸੰਭਾਲ ਪ੍ਰਣਾਲੀ ਵਿਚ ਨਵੀਨਤਾਕਾਰੀ ਨਿਵੇਸ਼ਾਂ ਦਾ ਸਮਰਥਨ ਅਤੇ ਸੁਆਗਤ ਕਰਦਾ ਹੈ।"
*ਜੋਏ ਪੀਕੌਕ, ਮੁਖ ਕਾਰਜਕਾਰੀ ਅਧਿਕਾਰੀ ਅਤੇ ਰਜਿਸਟਰਾਰ, ਕਾਲਜ ਅਤੇ ਐਸੋਸੀਏਸ਼ਨ ਆਫ਼ ਰਜਿਸਟਰਡ ਨਰਸਾਂ ਆਫ਼ ਅਲਬਰਟਾ*

"ਕਾਲਜ ਆਫ਼ ਲਾਈਸੈਂਸਸ਼ੁਦਾ ਪ੍ਰੈਕਟੀਕਲ ਨਰਸਾਂ ਆਫ਼ ਅਲਬਰਟਾ ਅੰਤਰਰਾਸ਼ਟਰੀ ਪਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਨੂੰ ਉਨ੍ਹਾਂ ਦੇ ਨਰਸਿੰਗ ਸਫ਼ਰ 'ਤੇ ਸਮਰਥਨ ਕਰਨ ਲਈ ਸਮਰਪਿਤ ਹੈ। ਅਲਬਰਟਾ ਵਿਚ ਇਕ ਮੁਲਾਂਕਣ ਕੇਂਦਰ ਸਥਾਪਤ ਕਰਨਾ ਬਿਨੈਕਾਰ ਨੂੰ ਆਪਣੇ ਹੁਨਰ ਅਤੇ ਗਿਆਨ ਦਾ ਪ੍ਰਦਰਸ਼ਨ ਕਰਨ ਦਾ ਇਕ ਮੌਕਾ ਪ੍ਰਦਾਨ ਕਰਦਾ ਹੈ ਅਤੇ ਇਹ ਸਮਝਣ ਵਿਚ ਸਹਾਇਤਾ ਕਰਦਾ ਹੈ ਕਿ ਅਲਬਰਟਾ ਵਿਚ ਉਹਨਾਂ ਦਾ ਤਜਰਬਾ ਕਿਵੇਂ ਅਨੁਕੂਲ ਹੈ, ਨਰਸਾਂ ਨੂੰ ਉਹਨਾਂ ਲਈ ਸਭ ਤੋਂ ਵਧੀਆ ਮਾਰਗ ਚੁਣਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।"
*ਜੀਨ ਵੇਇਸ, ਰਜਿਸਟਰਾਰ ਅਤੇ ਮੁਖ ਕਾਰਜਕਾਰੀ ਅਧਿਕਾਰੀ,*
*ਕਾਲਜ ਆਫ਼ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸਾਂ ਆਫ਼ ਅਲਬਰਟਾ*

ਨਵੇਂ ਮਾਡਲ ਦੀ ਵਰਤੋਂ ਕਰਨ ਵਾਲੀ ਇਕ ਅਲਬਰਟਾ ਮੁਲਾਂਕਣ ਸਾਈਟ 2023 ਦੇ ਪਤਝੜ ਵਿਚ ਖੁਲ੍ਹਣ ਦੀ ਉਮੀਦ ਹੈ।

## ਤੇਜ਼ ਤੱਥ

• ਨਵਾਂ ਯੋਗਤਾ-ਅਧਾਰਤ ਮੁਲਾਂਕਣ ਮਾਡਲ ਸਿਹਤ-ਸੰਭਾਲ ਪ੍ਰਣਾਲੀ ਵਿਚ ਕੰਮ ਕਰਨ ਦੀ ਇਛਾ ਰਖਣ ਵਾਲਿਆਂ ਲਈ ਯੋਗਤਾ ਮੁਲਾਂਕਣ ਨੂੰ ਸੁਚਾਰੂ ਬਣਾਏਗਾ। ਇਹ ਕ੍ਰੈਡੈਂਸ਼ੀਅਲ ਅਸੈਸਮੈਂਟ ਮਾਡਲ ਦਾ ਬਦਲ ਨਹੀਂ ਹੈ, ਜੋ ਉਪਲਬਧ ਰਹੇਗਾ।
• "ਟ੍ਰਿਪਲ-ਟਰੈਕ" ਮੁਲਾਂਕਣ ਅਲਬਰਟਾ ਦੇ ਕਾਲਜ ਆਫ਼ ਰਜਿਸਟਰਡ ਨਰਸਾਂ, ਅਲਬਰਟਾ ਦੇ ਕਾਲਜ ਆਫ਼ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸਾਂ ਅਤੇ ਨਰਸਿੰਗ ਕਮਿਊਨਿਟੀ ਅਸੈਸਮੈਂਟ ਸਰਵਿਸ ਵਿਚਕਾਰ ਇਕ ਪਾਇਲਟ ਪ੍ਰੋਜੈਕਟ ਹੈ।

## ਸੰਬੰਧਿਤ ਜਾਣਕਾਰੀ

[ਹੈਲਥਕੇਅਰ ਐਕਸ਼ਨ ਪਲਾਨ]
[ਅਲਬਰਟਾ ਦੇ ਰਜਿਸਟਰਡ ਨਰਸਾਂ ਦਾ ਕਾਲਜ]
[ਅਲਬਰਟਾ ਦੇ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸਾਂ ਦਾ ਕਾਲਜ]

## ਮੀਡੀਆ ਪੁੱਛਗਿੱਛ

ਨਿੱਕੀ ਗੋਕੁਆਨ
Nicky.Gocuan@gov.ab.ca
587-588-5952
ਪ੍ਰੈਸ ਸਕਤਰ, ਅਲਬਰਟਾ ਹੁਨਰਮੰਦ ਵਪਾਰ ਅਤੇ ਪੇਸ਼ੇ